**ਰੋਜ਼ਗਾਰ ਉਤੱਪਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ**
**ਜਿਲ੍ਹਾ ਬਿਓਰੋ ਆਫ ਰੋਜ਼ਗਾਰ ਉਤੱਪਤੀ ਹੁਨਰ ਵਿਕਾਸ ਅਤੇ ਸਿਖਲਾਈ**
**ਪਟਿਆਲਾ**

ਨੰ:ਵੀ.ਜੀ./2023/ 252-61
ਵੱਲ

ਮਿਤੀ 30-01-2023

ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ।
ਪ੍ਰਿਸੀਪਲ, ਖਾਲਸਾ ਕਾਲਜ ਪਟਿਆਲਾ।
ਪ੍ਰਿਸੀਪਲ, ਪਟੇਲ ਮੈਮੋਰੀਅਲ ਕਾਲਜ ਰਾਜਪੁਰਾ।
ਪ੍ਰਿਸੀਪਲ, ਮੋਦੀ ਕਾਲਜ ਪਟਿਆਲਾ।
ਪ੍ਰਿਸੀਪਲ, ਸਰਕਾਰੀ ਕਾਲਜ ਲੜਕੀਆਂ ਪਟਿਆਲਾ।
ਪ੍ਰਿਸੀਪਲ, ਰਿਪੁਦਮਨ ਕਾਲਜ ਨਾਭਾ।
ਪ੍ਰਿਸੀਪਲ, ਕਿਰਤੀ ਕਾਲਜ ਪਾਤੜਾਂ।
ਪ੍ਰਿਸੀਪਲ, ਮਹਿੰਦਰਾ ਕਾਲਜ ਪਟਿਆਲਾ।

ਵਿਸ਼ਾ:- **ਸਰਕਾਰੀ ਪੇਪਰਾ ਦੀ ਤਿਆਰੀ ਲਈ ਮੁਫਤ ਕੋਚਿੰਗ ਲਈ ਪ੍ਰਾਰਥੀਆਂ ਦੀ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ ਜਿਲ੍ਹੇ ਦੇ ਲੋੜਵੰਦ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਪ੍ਰਵੇਸ਼ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਮਿਸ਼ਨ **"ਸਫਲਤਾ ਦੀ ਕੁੰਜੀ"** ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ ਨਾਮੀ ਇੰਸਟੀਚਿਊਟ ਨਿਸਚੇ ਐਜੂਕੇਸ਼ਨ ਸਰਵਿਸਿਸ, ਪਟਿਆਲਾ ਨਾਲ ਤਾਲਮੇਲ ਕੀਤਾ ਗਿਆ ਹੈ ਜੋ ਕਿ ਪਿਛਲੇ ਕਾਫੀ ਸਮੇਂ ਤੋਂ ਵਿਦਿਆਰਥੀਆਂ ਨੂੰ IAS/PCS/SSC ਦੇ ਇਮਤਿਹਾਨਾਂ ਦੀ ਕੋਚਿੰਗ ਦਿੰਦੇ ਆ ਰਹੇ ਹਨ । ਪ੍ਰੋਗਰਾਮ ਅਧੀਨ ਸ਼ੁਰੂਆਤੀ ਬੈਚ ਵਿੱਚ 25 ਵਿਦਿਆਰਥੀਆਂ ਨੂੰ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵਿੱਚ ਹੀ ਮੁਫਤ ਕੋਚਿੰਗ ਦਿੱਤੀ ਜਾਵੇਗੀ। ਇਹ ਕੋਰਸ 4 ਮਹੀਨੇ ਦਾ ਹੋਵੇਗਾ। ਇਸ ਕੋਚਿੰਗ ਨੂੰ ਜੁਆਇਨ ਕਰਨ ਲਈ ਪ੍ਰਾਰਥੀ ਦੇ ਗਰੇਜੂਏਸ਼ਨ ਵਿੱਚ 60 ਪ੍ਰਤੀਸ਼ਤ ਨੰਬਰ ਹੋਣੇ ਲਾਜਮੀ ਹਨ। ਇਹ ਕੋਚਿੰਗ ਪ੍ਰਾਰਥੀਆਂ ਲਈ ਬਿਲਕੁਲ ਮੁਫਤ ਹੋਵੇਗੀ। ਇਹ ਕੋਚਿੰਗ ਜੁਆਇਨ ਕਰਨ ਲਈ ਪ੍ਰਾਰਥੀਆਂ ਦਾ ਪ੍ਰੀਸਕਰੀਨਿੰਗ ਟੈਸਟ ਲਿਆ ਜਾਵੇਗਾ। ਰਜਿਸਟਰ ਕਰਨ ਲਈ ਪ੍ਰਾਰਥੀ 2 ਫਰਵਰੀ 2023 ਤੱਕ ਲਿੰਕ https://tinyurl.com/REGFREECOACHING ਤੇ ਰਜਿਸਟਰ ਕਰ ਸਕਦੇ ਹਨ।ਇਸ ਲਈ ਡਿਪਟੀ ਕਮਿਸ਼ਨਰ ਜੀ ਦੁਆਰਾ ਹਦਾਇਤ ਦਿਤੀ ਜਾਂਦੀ ਹੈ, ਕਿ ਆਪ ਦੇ ਕਾਲਜ ਦੇ ਸਾਰੇ ਪਾਸ ਆਊਟ ਅਤੇ ਗ੍ਰੈਜੂਏਸ਼ਨ ਪਾਸ ਵਿਦਿਆਰਥੀਆਂ ਨੂੰ ਇਸ ਕੋਚਿੰਗ ਬਾਰੇ ~~ਗਾਈਡ~~ ਗਾਈਡ ਕਰ ਕੇ ਵੱਧ ਤੋਂ ਵੱਧ ਵਿਦਿਆਰਥੀ ਉਪਰੋਕਤ ਦਿੱਤੇ ਲਿੰਕ ਤੇ ਰਜਿਸਟਰ ਕਰਵਾਏ ਜਾਣ ਅਤੇ ਇਸਦੀ ਰਿਪੋਰਟ ਕੱਲ ਮਿਤੀ 31-1-2023 ਨੂੰ ਸ਼ਾਮ ~~5~~ 3 ਵਜੇ ਤੱਕ ਕੀਤੀ ਗਈ ਕਾਰਵਾਈ ਦੀ ਰਿਪੋਰਟ ਭੇਜਣੀ ਯਕੀਨੀ ਬਣਾਈ ਜਾਵੇ।

ਡਿਪਟੀ ਡਾਇਰੈਕਟਰ
ਜਿਲ੍ਹਾ ਬਿਊਰੋ ਆਫ ਰੋਜ਼ਗਾਰ ਉਤੱਪਤੀ ਹੁਨਰ ਵਿਕਾਸ ਅਤੇ ਸਿਖਲਾਈ
ਪਟਿਆਲਾ

**ਕਾਪੀ:**

**1 ਡਿਪਟੀ ਕਮਿਸ਼ਨਰ (ਵਿਕਾਸ) ਪਟਿਆਲਾ ਜੀ ਨੂੰ ਸੂਚਨਾ ਹਿੱਤ।**

**2 ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਟਿਆਲਾ ਜੀ ਨੂੰ ਸੂਚਨਾ ਹਿੱਤ।**

ਡਿਪਟੀ ਡਾਇਰੈਕਟਰ
ਜਿਲ੍ਹਾ ਬਿਊਰੋ ਆਫ ਰੋਜ਼ਗਾਰ ਉਤੱਪਤੀ ਹੁਨਰ ਵਿਕਾਸ ਅਤੇ ਸਿਖਲਾਈ
ਪਟਿਆਲਾ

Scanned by CamScanner